ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ), ਬਠਿੰਡਾ।

ਵੱਲ

ਸਬੰਧਤ ਹਾਈ/ਪ੍ਰਿੰਸੀਪਲ,
ਜ਼ਿਲ੍ਹਾ ਬਠਿੰਡਾ।

ਅਤਿ ਜਰੂਰੀ

ਪੱਤਰ ਨੰ: ਜੀ -5/1()/2023/1331 ਮਿਤੀ:ਬਠਿੰਡਾ 02-04-2024

ਵਿਸ਼ਾ- ਪ੍ਰੀ ਮੈਟ੍ਰਿਕ ਫਾਰ ਐਸ.ਸੀ 2023-24 ਅਧੀਨ ਅਪਲਾਈ ਕੀਤੇ ਵਿਦਿਆਰਥੀਆਂ ਦੇ ਬੈਂਕ ਅਕਾਊਂਟ ਨੂੰ ਆਧਾਰ ਕਾਰਡ ਨਾਲ ਸੀਡ ਕਰਵਾਉਣ ਸਬੰਧੀ।

ਉਪਰੋਕਤ ਵਿਸ਼ੇ ਅਨੁਸਾਰ ਵਿਭਾਗ ਵੱਲੋਂ ਪ੍ਰੀ ਮੈਟ੍ਰਿਕ ਫਾਰ ਐਸ.ਸੀ 2023-24 ਅਧੀਨ ਵਿਦਿਆਰਥੀਆਂ ਨੂੰ ਐਨ.ਐਸ.ਪੀ ਤੇ ਅਪਲਾਈ ਕਰਵਾਇਆ ਗਿਆ ਸੀ। ਜਿਸ ਵਿੱਚ ਇਸ ਜ਼ਿਲ੍ਹੇ ਦੇ 1659 ਵਿਦਿਆਰਥੀਆਂ ਦੇ ਬੈਂਕ ਖਾਤੇ ਆਧਾਰ ਕਾਰਡ ਨਾਲ ਸੀਡ ਨਹੀਂ ਹਨ। ਜਿਸ ਕਾਰਨ ਵਿਭਾਗ ਵੱਲੋਂ ਸਬੰਧਤ ਵਿਦਿਆਰਥੀਆਂ ਦੇ ਖਾਤੇ ਵਿੱਚ ਰਾਸ਼ੀ ਟ੍ਰਾਂਸਫਰ ਨਹੀਂ ਹੋਈ। ਸੋ ਵਿਭਾਗ ਵੱਲੋਂ ਉਪਰੋਕਤ ਸਕੀਮ ਅਧੀਨ ਉਹਨਾਂ ਵਿਦਿਆਰਥੀਆਂ ਦੀ ਐਕਸਲ ਸ਼ੀਟ ਭੇਜੀ ਗਈ ਹੈ ਜਿਨ੍ਹਾਂ ਦੇ ਖਾਤੇ ਆਧਾਰ ਸੀਡਡ ਨਹੀਂ ਹਨ। ਸੋ ਸਬੰਧਤ ਸਕੂਲ ਮੁੱਖੀਆਂ ਨੂੰ ਲਿਖਿਆ ਜਾਂਦਾ ਹੈ ਕਿ ਇਸ ਕੰਮ ਨੂੰ ਪਹਿਲ ਦੇ ਆਧਾਰ ਤੇ ਲਿਆ ਜਾਵੇ ਤਾਂ ਜ਼ੋ ਜਲਦ ਹੀ ਵਿਦਿਆਰਥੀਆਂ ਦੇ ਖਾਤੇ ਵਿੱਚ ਰਾਸ਼ੀ ਟ੍ਰਾਂਸਫਰ ਹੋ ਸਕੇ। ਵਿਭਾਗ ਵੱਲੋਂ ਜਾਰੀ ਪੱਤਰ ਵੀ ਨਾਲ ਨੱਥੀ ਕਰਕੇ ਭੇਜਿਆ ਜਾਂਦਾ ਹੈ ਜਿਸ ਵਿੱਚ ਵਿਭਾਗ ਵੱਲੋਂ ਇਸ ਦਫਤਰ ਨੂੰ 22 ਅਪ੍ਰੈਲ 2024 ਤੱਕ ਦਾ ਸਮਾਂ ਦਿੱਤਾ ਹੈ ਕਿ ਇਸ ਤਾਰੀਕ ਤੱਕ ਸਾਰੇ ਵਿਦਿਆਰਥੀਆਂ ਦੇ ਖਾਤੇ ਆਧਾਰ ਨਾਲ ਸੀਡ ਕਰਵਾ ਲਏ ਜਾਣ। ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ।

ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ)
ਬਠਿੰਡਾ
2/4/24

Scanned with OKEN Scanner